STATE OF WASHINGTON
DEPARTMENT OF SOCIAL AND HEALTH SERVICES
CHILD CARE SUBSIDY PROGRAMS (CCSP)

ਵਿਚਾਰ-ਅਧੀਨ ਘਰ-ਅੰਦਰ/ਰਿਸ਼ਤੇਦਾਰ ਬਾਰੇ ਚਿੱਠੀ

In-Home / Relative Pending Letter

ਮਿਤੀ: _____

_____
ਲੋਕਲ ਦਫਤਰ

_____
ਕੇਸ ਨੰਬਰ

_____
ਫੋਲਡ

ਤੁਸੀਂ WCCC ਕੋਲੋਂ ਬੱਚੇ ਦੀ ਸੰਭਾਲ ਲਈ ਮਦਦ ਮੰਗੀ ਹੈ ਜੋ ਹੇਠਲੇ ਵਿੱਚੋਂ ਇੱਕ ਦੁਆਰਾ ਪ੍ਰਦਾਨ ਕੀਤੀ ਜਾਵੇਗੀ:

1. ਇੱਕ ਬਾਲਗ ਵਿਅਕਤੀ ਦੁਆਰਾ, ਜੋ ਬੱਚੇ ਦੀ ਸੰਭਾਲ ਲਈ ਤੁਹਾਡੇ ਘਰ ਆਉਂਦਾ ਹੈ; ਜਾਂ
2. ਇੱਕ ਯੋਗ ਰਿਸ਼ਤੇਦਾਰ ਦੁਆਰਾ, ਰਿਸ਼ਤੇਦਾਰ ਦੇ ਘਰ ਵਿਚ।*

ਬੱਚੇ ਦੀ ਸੰਭਾਲ ਲਈ ਮਨਜ਼ੂਰੀ ਪ੍ਰਾਪਤ ਕਰਨ ਲਈ **ਤੁਹਾਡੇ** ਲਈ ਹੇਠਲੀਆਂ ਗੱਲਾਂ ਜ਼ਰੂਰੀ ਹਨ:

- ☐ ਇਸ ਚਿੱਠੀ ਨਾਲ ਭੇਜੀ ਗਈ 'ਬਾਲ ਸੰਭਾਲ ਸਬਸਿਡੀ ਪ੍ਰੋਗਰਾਮ (CCSP) ਲਈ ਅਰਜ਼ੀ ਦਾ ਭਾਗ 2 ਭਰਨਾ ਅਤੇ ਦਸਤਖਤ ਕਰਨਾ। ਕੋਈ ਵੀ ਜਾਣਕਾਰੀ ਬਿਨਾ ਦਿੱਤੇ ਨਾ ਛੱਡੋ। ਇਸ ਫਾਰਮ 'ਤੇ ਪ੍ਰੋਵਾਈਡਰ ਦੇ ਦਸਤਖਤ ਵੀ ਜ਼ਰੂਰੀ ਹਨ।
- ☐ ਪ੍ਰੋਵਾਈਡਰ ਕੋਲੋਂ ਪਿੱਠਭੂਮੀ ਪ੍ਰਵਾਨਗੀ ਫਾਰਮ (Background Authorization form) DSHS 09-653 ਭਰਵਾਉਣਾ। ਜੇ **ਕੋਈ ਵੀ** ਮੱਦ ਖਾਲੀ ਜਾਂ ਅਧੂਰਾ ਛੱਡਿਆ ਜਾਂਦਾ ਹੈ, ਤਾਂ ਫਾਰਮ ਨੂੰ ਬਿਨਾ ਕਾਰਵਾਈ ਕੀਤੇ ਵਾਪਸ ਭੇਜ ਦਿੱਤਾ ਜਾਏਗਾ ਅਤੇ ਬੈਨਿਫਿਟ ਮਿਲਣ ਵਿਚ ਦੇਰੀ ਹੋਵੇਗੀ। ਜੇ ਕੋਈ ਮੱਦ ਲਾਗੂ ਨਹੀਂ ਹੁੰਦਾ ਤਾਂ "ਕੋਈ ਨਹੀਂ" ਲਿਖੋ। ਕਾਰਵਾਈ ਕਰਨ ਵਿਚ ਦੋ ਤੋਂ ਤਿੰਨ ਹਫਤੇ ਲਗ ਸਕਦੇ ਹਨ।
- ☐ ਜੇ ਪ੍ਰੋਵਾਈਡਰ ਕੋਈ ਯੋਗਤਾ-ਪ੍ਰਾਪਤ ਰਿਸ਼ਤੇਦਾਰ* ਹੈ ਅਤੇ ਤੁਹਾਡੇ ਬੱਚਿਆਂ ਦੀ ਸੰਭਾਲ ਆਪਣੇ ਘਰ ਵਿਚ ਕਰ ਰਿਹਾ ਹੈ ਤਾਂ ਉਸ ਘਰ ਦੇ ਹਰ ਉਸ ਵਿਅਕਤੀ ਲਈ ਪਿੱਠਭੂਮੀ ਪ੍ਰਵਾਨਗੀ ਫਾਰਮ ਭਰਨਾ ਲਾਜ਼ਮੀ ਹੈ ਜਿਸਦੀ ਉਮਰ 16 ਸਾਲ ਜਾਂ ਉਸ ਤੋਂ ਵੱਧ ਹੈ। ਜੇ ਤੁਸੀਂ ਇਸ ਕਿਸਮ ਦੀ ਬਾਲ ਸੰਭਾਲ ਦੀ ਚੋਣ ਕਰਦੇ ਹੋ ਤਾਂ ਤੁਹਾਨੂੰ ਹੋਰ ਫਾਰਮ ਮੰਗਣੇ ਪੈਣਗੇ।
- ☐ ਪ੍ਰੋਵਾਈਡਰ ਦੇ ਸੋਸ਼ਲ ਸਿਕਿਉਰਿਟੀ ਕਾਰਡ ਦੀ ਕਾਪੀ ਦੇਣਾ।
- ☐ ਪ੍ਰੋਵਾਈਡਰ ਦੀ ਫੋਟੋ ਪਛਾਣ ਦੀ ਕਾਪੀ ਦੇਣਾ।

WAC 170-290-0135, 170-290-0143 ਮੁਤਾਬਕ ਇਹ ਜਾਣਕਾਰੀ ਕਿਰਪਾ ਕਰਕੇ _____ ਤਕ ਦੇ ਦਿਉ।

ਜੇ ਤੁਸੀਂ ਕੁਝ ਪੁਛਣਾ ਚਾਹੋ ਤਾਂ ਕਿਰਪਾ ਕਰਕੇ ਹੇਠਾਂ ਦਿੱਤੇ ਨੰਬਰ ਤੇ ਫੋਨ ਕਰੋ।

ਕਾਲ ਸੈਂਟਰ ਟੈਲੀਫੋਨ ਨੰਬਰ: _____

* ਯੋਗ ਰਿਸ਼ਤੇਦਾਰ ਹਨ: ਬੱਚੇ ਦੇ ਨਾਨਾ/ਨਾਨੀ, ਦਾਦਾ/ਦਾਦੀ, ਭੂਆ/ਮਾਸੀ/ਚਾਚੀ/ਤਾਈ/ਮਾਮੀ, ਚਾਚਾ/ਤਾਇਆ/ਮਾਮਾ/ਫੁਫੜ/ਮਾਸੜ, ਪੜਨਾਨਾ/ਪੜਨਾਨੀ, ਪੜਦਾਦਾ/ਪੜਦਾਦੀ, ਗ੍ਰੇਟ-ਆਂਟ ਜਾਂ ਗ੍ਰੇਟ-ਅੰਕਲ, ਬੱਚੇ ਦੇ ਘਰੋਂ ਬਾਹਰ ਰਹਿਣ ਵਾਲਾ ਬਾਲਗ ਭਰਾ ਜਾਂ ਭੈਣ, ਜਾਂ RCW ਅਧਿਆਏ 43.215 ਦੇ ਅੰਤਰਗਤ ਵਿਸਤਰਤ ਕਬੀਲਾ ਪਰਿਵਾਰ ਦੇ ਮੈਂਬਰ।